**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ,**
ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਜ-8, ਐਸ.ਏ.ਐਸ. ਨਗਰ।
(ਅਮਲਾ-2 ਸ਼ਾਖਾ)
E-mail ID: dpiee.establishment2@punjabeducation.gov.in

# <u>ਪਬਲਿਕ ਨੋਟਿਸ</u>

ਨੰ: 6/5-2019 ਅਮਲਾ-2(ਭ-1) ਮਿਤੀ : 11-10-2019

ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਮਿਤੀ 08-03-2019 ਨੂੰ ਹੈਡ ਟੀਚਰਾਂ ਦੀਆਂ 1558 ਅਸਾਮੀਆਂ ਅਤੇ ਸੈਂਟਰ ਹੈਡ ਟੀਚਰਾਂ ਦੀਆਂ 375 ਅਸਾਮੀਆਂ ਭਰਨ ਲਈ ਵਿਗਿਆਪਨ ਦਿੱਤਾ ਗਿਆ ਸੀ। ਇਸ ਵਿਗਿਆਪਨ ਅਨੁਸਾਰ <u>ਸੈਂਟਰ ਹੈਡ ਟੀਚਰ ਦੀ ਅਸਾਮੀ ਲਈ</u> ਯੋਗ ਪਾਏ ਗਏ ਉਮੀਦਵਾਰਾਂ ਨੂੰ ਮਿਤੀ 07-09-2019 ਅਤੇ <u>ਹੈਡ ਟੀਚਰ ਦੀ ਅਸਾਮੀ ਲਈ</u> ਯੋਗ ਪਾਏ ਗਏ ਉਮੀਦਵਾਰਾਂ ਨੂੰ ਮਿਤੀ 03-10-2019 ਤੋਂ 06-10-2019 ਤੱਕ ਸਟੇਸ਼ਨ ਚੋਣ ਕਰਵਾਇਆ ਗਿਆ ਸੀ।

ਪੰਜਾਬ ਰਾਜ ਵਿੱਚ ਜਿਮਨੀ ਚੋਣਾ ਹੋਣ ਕਰਕੇ ਜਿਨ੍ਹਾਂ ਜਿਲਿਆਂ ਵਿੱਚ ਚੋਣ ਜਾਬਤਾ ਲਾਗੂ ਹੈ, ਉਨ੍ਹਾਂ ਜਿਲਿਆਂ ਦੇ ਉਮੀਦਵਾਰਾਂ ਤੋਂ ਇਲਾਵਾ ਬਾਕੀ ਸੈਂਟਰ ਹੈਡ ਟੀਚਰ ਅਤੇ ਹੈਡ ਟੀਚਰ ਦੀਆਂ ਸਿੱਧੀ ਭਰਤੀ ਦੀਆਂ ਅਸਾਮੀਆਂ ਲਈ ਚੁਣੇ ਗਏ ਉਮੀਦਵਾਰ ਤੁਰੰਤ ਆਪਣੀ ਪੋਸਟਿੰਗ ਵਾਲੀ ਥਾਂ ਤੇ ਹਾਜਰ ਹੋਣਾ ਯਕੀਨੀ ਬਣਾਉਣ। ਨਿਯੁੱਕਤੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਜੇਕਰ ਉਮੀਦਵਾਰ ਨਿਸ਼ਚਿਤ ਸਮੇਂ ਵਿੱਚ ਆਪਣੀ ਪੋਸਟਿੰਗ ਵਾਲੀ ਥਾਂ ਤੇ ਹਾਜਰ ਨਹੀਂ ਹੁੰਦਾ ਹੈ ਤਾਂ ਉਸਦੀ ਨਿਯੁੱਕਤੀ ਰੱਦ ਕਰਨ ਸਬੰਧੀ ਵਿਭਾਗ ਵੱਲੋਂ ਰੂਲਾਂ/ਹਦਾਇਤਾਂ ਅਨੁਸਾਰ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ।